**ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ ਐਸ.ਸੀ.ਓ. 104-106, ਸੈਕਟਰ 34-ਏ, ਚੰਡੀਗੜ੍ਹ**

---

**ਵੱਲ**

ਸਮੂਹ ਸਕੂਲ ਮੁਖੀ, ਪੰਜਾਬ(ਵੈੱਬਸਾਈਟ ਰਾਹੀਂ)।

**ਮੀਮੋ ਨੰ:ਸ.ਸ.ਅ/2012/** 90623
**ਮਿਤੀ:ਚੰਡੀਗੜ੍ਹ** 18-12-12

**ਵਿਸ਼ਾ : ਸਕੂਲਾਂ ਵੱਲੋਂ ਕੱਢੇ ਜਾਂਦੇ ਮੈਗਜ਼ੀਨਾਂ ਲਈ 'ਦੋ ਸ਼ਬਦ' ਪ੍ਰਾਪਤ ਕਰਨ ਸਬੰਧੀ।**
**ਹਵਾਲਾ:ਏ.ਐੱਸ.ਪੀ.ਡੀ/ਮੀਡੀਆ/2012/84631 ਮਿਤੀ ਚੰਡੀਗੜ੍ਹ 29-08-12**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਰਾਜ ਦੇ ਸਮੂਹ ਸਕੂਲਾਂ ਵੱਲੋਂ ਸਕੂਲ ਪੱਧਰ 'ਤੇ ਬੱਚਿਆਂ ਦੀਆਂ ਰਚਨਾਵਾਂ ਨੂੰ ਪ੍ਰਕਾਸ਼ਿਤ ਕਰਨ ਲਈ ਵੱਖ-ਵੱਖ ਨਾਵਾਂ ਹੇਠ ਮੈਗਜ਼ੀਨ ਪ੍ਰਕਾਸ਼ਿਤ ਕੀਤੇ ਜਾ ਰਹੇ ਹਨ ਜੋ ਕਿ ਵਿਦਿਆਰਥੀਆਂ ਦੀਆਂ ਮੌਲਿਕ ਰਚਨਾਵਾਂ ਰਾਹੀਂ ਉਹਨਾਂ ਦੀ ਪ੍ਰਤਿਭਾ ਨੂੰ ਉਜਾਗਰ ਕਰਨ ਦਾ ਇਕ ਸ਼ਲਾਘਾਯੋਗ ਉਪਰਾਲਾ ਹੈ।ਇਹਨਾਂ ਮੈਗਜ਼ੀਨਾਂ ਦੀ ਪ੍ਰਕਾਸ਼ਨਾ ਜਿੱਥੇ ਸਕੂਲ ਦੀ ਇਕ ਪ੍ਰਾਪਤੀ ਬਣ ਕੇ ਉੱਭਰਦੀ ਹੈ ਉੱਥੇ ਵਿਦਿਆਰਥੀਆਂ ਨੂੰ ਵੀ ਅਜਿਹਾ ਮੌਕਾ ਪ੍ਰਦਾਨ ਕਰਦੀ ਹੈ ਕਿ ਉਹ ਕਵਿਤਾ,ਕਹਾਣੀ,ਨਾਟਕ ਆਦਿ ਸਾਹਿਤਕ ਵੰਨਗੀਆਂ ਨਾਲ ਸਵੈ-ਪ੍ਰਗਟਾਵੇ ਦੀ ਕਲਾ ਵਿਚ ਮੁਹਾਰਤ ਪ੍ਰਾਪਤ ਕਰ ਸਕਣ।

3.0 ਇਹਨਾਂ ਮੈਗਜ਼ੀਨਾਂ ਵਿਚ ਰੋਜ਼ਾਨਾ ਸਕੂਲ ਮੁਖੀਆਂ ਵੱਲੋਂ ਸਹੀਕਰਤਾ ਨੂੰ ਸਕੂਲਾਂ ਵੱਲੋਂ ਕੱਢੇ ਜਾ ਰਹੇ ਮੈਗਜ਼ੀਨ ਸਬੰਧੀ ਨਿਮਨਹਸਤਾਖਰ ਦਾ 'ਸੁਨੇਹਾ' ਭੇਜਣ ਲਈ ਬੇਨਤੀਆਂ ਪ੍ਰਾਪਤ ਹੋ ਰਹੀਆਂ ਹਨ।

4.0 ਰੋਜ਼ਾਨਾ ਪ੍ਰਾਪਤ ਹੋਣ ਵਾਲੀਆਂ ਇਹਨਾਂ ਬੇਨਤੀਆਂ ਦੀ ਗਿਣਤੀ ਅਤੇ ਵੱਖ-ਵੱਖ ਸਕੂਲ ਮੁਖੀਆਂ ਦੀ ਮੰਗ/ਸਕੂਲ ਮੁਖੀਆਂ ਨੂੰ ਇਸ ਦੀ ਪ੍ਰਾਪਤੀ ਵਿਚ ਹੋਣ ਵਾਲੀ ਦੇਰੀ ਅਤੇ ਪਰੇਸ਼ਾਨੀ ਨੂੰ ਧਿਆਨ ਵਿਚ ਰੱਖਦਿਆਂ ਸਹੀਕਰਤਾ ਵੱਲੋਂ ਇਸ 'ਸੁਨੇਹੇ' ਦਾ ਬਣਿਆ ਬਣਾਇਆ ਫਾਰਮੈਟ ਵਿਭਾਗ ਦੀ ਵੈੱਬਸਾਈਟ www.ssapunjab.org 'ਤੇ ਪਾਇਆ ਗਿਆ ਹੈ।

5.0 ਜੇਕਰ ਕਿਸੇ ਸਕੂਲ ਮੁਖੀ ਨੂੰ ਸਕੂਲ ਮੈਗਜ਼ੀਨ ਦੀ ਪ੍ਰਕਾਸ਼ਨਾ ਸਬੰਧੀ ਨਿਮਨਹਸਤਾਖਰ ਦੇ 'ਸੁਨੇਹੇ' ਦੀ ਜ਼ਰੂਰਤ ਮਹਿਸੂਸ ਹੋਵੇ ਤਾਂ ਉਹ ਉਪਰੋਕਤ ਦਰਸਾਈ ਵੈੱਬਸਾਈਟ ਤੋਂ ਸਕੂਲ ਮੈਗਜ਼ੀਨ ਲਈ ਨਿਮਨਹਸਤਾਖਰ ਦਾ 'ਸੁਨੇਹਾ' ਪ੍ਰਾਪਤ ਕਰ ਸਕਦੇ ਹਨ।

**ਕੇ.ਐੱਸ.ਪੰਨੂੰ ਆਈ.ਏ.ਐੱਸ**
**ਡਾਇਰੈਕਟਰ ਜਨਰਲ ਸਕੂਲ ਸਿੱਖਿਆ**

ਪਿੱਠ ਅੰਕਣ ਨੰ: 90624 ਮਿਤੀ: 18-12-12
ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ:
1. ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਸੈ.ਸਿ) ਪੰਜਾਬ।

**ਕੇ.ਐੱਸ.ਪੰਨੂੰ ਆਈ.ਏ.ਐੱਸ**
**ਡਾਇਰੈਕਟਰ ਜਨਰਲ ਸਕੂਲ ਸਿੱਖਿਆ**

# ਦੋ ਸ਼ਬਦ

ਬੱਚਾ ਕੋਰੀ ਸਲੇਟ ਨਹੀਂ ਹੁੰਦਾ ਅਤੇ ਨਾ ਹੀ ਗਿੱਲੀ ਮਿੱਟੀ ਹੁੰਦਾ ਹੈ ਬਲਕਿ ਆਪਣੇ ਨਾਲ ਬਹੁਤ ਤਰ੍ਹਾਂ ਦੇ ਵਿਚਾਰ-ਸੰਸਕਾਰ, ਕਲਪਨਾਵਾਂ ਅਤੇ ਸਿਰਜਨਾਵਾਂ ਲੈ ਕੇ ਚਲਦਾ ਹੈ। ਪਿਛਲੇ ਕੁਝ ਸਮੇਂ ਤੋਂ ਬੱਚੇ ਦੀਆਂ ਇਹਨਾਂ ਬੁਨਿਆਦੀ ਪ੍ਰਵਿਰਤੀਆਂ ਨੂੰ ਸਮਝ ਕੇ ਨਵੀਆਂ ਪਹਿਲ-ਕਦਮੀਆਂ ਕੀਤੀਆਂ ਗਈਆਂ ਹਨ, ਜਿਹਨਾਂ ਨੇ ਪੰਜਾਬ ਦੇ ਵਿੱਦਿਅਕ ਵਾਤਾਵਰਣ ਵਿੱਚ ਸਾਰਥਕ ਤਬਦੀਲੀਆਂ ਲਿਆਉਣ ਵਿੱਚ ਵੱਡੀ ਭੂਮੀਕਾ ਨਿਭਾਈ ਹੈ। ਇਸਦੇ ਤਹਿਤ ਇੱਕ ਪਾਸੇ ਬੱਚਿਆਂ ਦੀਆਂ ਸਾਹਿਤਕ ਰੁਚੀਆਂ ਵਿੱਚ ਨਿਖਾਰ ਆਇਆ ਹੈ, ਦੂਜੇ ਪਾਸੇ ਅਧਿਆਪਕਾਂ ਦੀ ਪ੍ਰਤਿਭਾ ਵਿੱਚ ਨਿਖਾਰ ਆਇਆ ਹੈ। ਰੀਡਿੰਗ ਸੈੱਲਾਂ ਅਤੇ ਗਤੀਵਿਧੀ ਆਧਾਰਿਤ ਸਿੱਖਿਆ ਦੇ ਬਹਾਨੇ ਬੱਚੇ ਆਪਣੇ ਹੁਨਰ ਨੂੰ ਬਾਹਰ ਕੱਢ ਰਹੇ ਹਨ ਤੇ ਨਾਲ ਹੀ ਅਧਿਆਪਕ ਵੀ ਆਪਣੇ ਹੁਨਰ ਦਾ ਪ੍ਰਗਟਾਵਾ ਕਰ ਰਹੇ ਹਨ। ਬਹੁਤ ਸਾਰੇ ਸਕੂਲ ਬੱਚਿਆਂ ਦੀਆਂ ਰੁਚੀਆਂ ਨੂੰ ਪ੍ਰਫੁੱਲਤ ਕਰਨ ਲਈ ਪੱਤ੍ਰਿਕਾਵਾਂ ਪ੍ਰਕਾਸ਼ਿਤ ਕਰ ਰਹੇ ਹਨ, ਜਿਹਨਾਂ ਵਿੱਚ ______________________ ਅਜਿਹਾ ਸਕੂਲ ਹੈ, ਜਿਸਨੇ ਅਕਾਦਮਿਕ ਪੜ੍ਹਾਈ ਦੇ ਨਾਲ-ਨਾਲ ਆਪਣੇ ਸਕੂਲ ਦੇ ਬੱਚਿਆਂ ਦੀ ਸਿਰਜਣਾ ਇਸ ਪੱਤ੍ਰਿਕਾ ਦੇ ਰੂਪ ਵਿੱਚ ਸਾਹਮਣੇ ਲਿਆਂਦੀ ਹੈ। ਨਿੱਕੇ-ਨਿੱਕੇ ਬੱਚੇ ਕਵਿਤਾਵਾਂ, ਗੀਤ, ਕਹਾਣੀਆਂ ਲਿਖ ਰਹੇ ਹਨ ਅਤੇ ਆਪਣੇ ਮਨੋਭਾਵਾਂ ਨੂੰ ਆਪਣੇ ਅੰਦਾਜ਼ ਵਿੱਚ ਪ੍ਰਗਟਾਅ ਰਹੇ ਹਨ।

ਮੈਂ ਬਹੁਤ ਮਾਣ ਨਾਲ ਇਸ ਸਿਰਜਣਾਤਮਕ ਅਮਲ ਨੂੰ ਨੇਪਰੇ ਚਾੜ੍ਹਨ ਵਾਲੀ ਟੀਮ ਨੂੰ ਹਾਰਦਿਕ ਵਧਾਈ ਦਿੰਦਾ ਹਾਂ ਅਤੇ ਆਸ ਕਰਦਾ ਹਾਂ ਕਿ ਇਹ ਟੀਮ ਇਸੇ ਤਰ੍ਹਾਂ ਬੱਚੇ ਦੇ ਸਿਰਜਣਾਤਮਕ ਵਿਕਾਸ ਵਿੱਚ ਆਪਣਾ ਯੋਗਦਾਨ ਪਾਉਂਦੀ ਰਹੇਗੀ।



**ਕਾਹਨ ਸਿੰਘ ਪੰਨੂੰ** ***ਆਈ.ਏ.ਐਸ.***
**ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-**
**ਸਟੇਟ ਪ੍ਰਾਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ, ਚੰਡੀਗੜ੍ਹ**